4

# ਸਾਡਾ ਖ਼ੁਦਾ ਸਿਰਜਣਹਾਰ ਹੈ

ਕਿਸੇ ਨਾ ਕਿਸੇ ਤਰ੍ਹਾਂ ਸ਼ਕਤੀ, ਖ਼ਾਸ ਕਰ ਅਸੀਮ ਸ਼ਕਤੀ ਦੇ ਪ੍ਰਗਟਾਓ 'ਤੇ ਵਿਚਾਰ ਕੀਤੇ ਬਗੈਰ ਸੋਚਣਾ ਸਾਡੇ ਲਈ ਬੜਾ ਹੀ ਮੁਸ਼ਕਿਲ ਹੈ। ਸ਼ਕਤੀ ਦਾ ਸਾਨੂੰ ਮੁੱਖ ਤੌਰ ਤੇ ਇਸਦੇ ਅਸਰ ਤੋਂ ਪਤਾ ਲਗਦਾ ਹੈ। ਸ਼ਕਤੀ ਦੀ ਵਰਤੋਂ ਹੀ ਤਾਕਤ ਦਾ ਮੁਜ਼ਾਹਰਾ ਹੈ। ਮਨੁੱਖ ਭਾਵੇਂ ਉਸ ਕੋਲ ਸੀਮਿਤ ਸ਼ਕਤੀ ਹੋਵੇ, ਸ਼ਕਤੀ ਦਾ ਅਦਿੱਖ ਕਵਚ ਰੱਖਦਾ ਹੈ ਅਤੇ ਕਈ ਤਰ੍ਹਾਂ ਨਾਲ ਇਸਦੀ ਵਰਤੋਂ ਵੀ ਕਰਦਾ ਹੈ। ਬਿਜਲੀ ਦੀ ਗਰਜ ਵਿਚ ਪਾਈ ਜਾਣ ਵਾਲੀ ਊਰਜਾ ਦੀ ਵਰਤੋਂ ਘਰਾਂ ਅਤੇ ਸ਼ਹਿਰਾਂ ਵਿਚ ਰੌਸ਼ਨੀ ਕਰਨ ਲਈ ਕੀਤੀ ਜਾਂਦੀ ਹੈ। ਅਣੂ ਵਿਚ ਪਾਈ ਜਾਣ ਵਾਲੀ ਊਰਜਾ, ਊਰਜਾ ਦੇ ਸੋਮੇ ਦੇ ਰੂਪ ਵਿਚ ਵਰਤੀ ਜਾਂਦੀ ਹੈ। ਪੈਟ੍ਰੋਲੀਅਮ ਦੀ ਊਰਜਾ ਪੈਟ੍ਰੋਲ ਨੂੰ ਮੋਟਰ ਦੇ ਇੰਜਣ ਵਿਚ ਪਾ ਕੇ ਅਸੀਂ ਕਿਤੇ ਆ ਜਾ ਸਕਦੇ ਹਾਂ। ਇਹ ਉਦਾਹਰਣਾਂ ਕਾਫ਼ੀ ਵਧੀਆ ਹਨ। ਆਪਣੇ ਸੰਸਾਰ ਵਿਚ ਊਰਜਾ ਦੀ ਵਰਤੋਂ ਸਾਨੂੰ ਸਭ ਨੂੰ ਪ੍ਰਭਾਵਿਤ ਕਰਦੀ ਹੈ।

ਸ਼ਕਤੀ ਦੀਆਂ ਇਹ ਉਦਾਹਰਣਾਂ ਅਸਲ ਵਿਚ ਉਸ ਊਰਜਾ ਦੀ ਵਰਤੋਂ ਬਾਰੇ ਹਨ ਜੋ ਪਹਿਲਾਂ ਤੋਂ ਹੀ ਮੌਜੂਦ ਹੈ। ਲੋਕ ਉਸ ਊਰਜਾ ਨੂੰ ਲੱਭਦੇ, ਬਣਾਉਂਦੇ, ਕਾਬੂ ਕਰਦੇ ਅਤੇ ਵਰਤਦੇ ਹਨ ਜੋ ਪਹਿਲਾਂ ਤੋਂ ਹੀ ਸਾਡੇ ਸੰਸਾਰ ਵਿਚ ਅਦਿੱਖ ਰੂਪ ਵਿਚ ਹੈ। ਇਸ ਤੋਂ ਸਾਡੇ ਸੰਸਾਰ ਦੀ ਕੁਦਰਤ ਅਤੇ ਸੋਮੇ ਦਾ ਕੁਝ ਸੰਕੇਤ ਮਿਲਦਾ ਹੈ। ਇਹ ਬੜੇ ਹੀ ਤਰਤੀਬਬੱਧ ਢੰਗ ਨਾਲ ਕਾਬੂ ਕੀਤੀ ਗਈ, ਹੈਰਾਨ ਕਰਨ ਵਾਲੀ ਸ਼ਕਤੀ ਨਾਲ ਚੱਲ ਰਿਹਾ ਹੈ। ਸਾਡੇ ਭੌਤਿਕ ਸੰਸਾਰ ਨੂੰ ਬਨਾਉਣ ਵਾਲੇ ਅਣੂ ਬੁਨਿਆਦੀ ਤੌਰ ਤੇ ਊਰਜਾ ਨਾਲ ਚੱਲਦੇ ਹਨ! ਜੇ ਉਨ੍ਹਾਂ ਦਾ ਵਿਖੰਡਨ ਜਾਂ ਗਲਣ ਦੀ ਪ੍ਰਕਿਰਿਆ ਵਿਚ ਉਥਲ ਪੁਥਲ ਕਰ ਦਿੱਤੀ ਜਾਵੇ ਤਾਂ ਕਲਪਨਾ ਤੋਂ ਪਰ੍ਹੇ ਸ਼ਕਤੀ ਦੇ ਰੂਪ ਵਿਚ ਇਕ ਬਹੁਤ ਹੀ ਵੱਡੀ ਉਥਲ ਪੁਥਲ ਮਚ ਜਾਵੇਗੀ।

ਇਨ੍ਹਾਂ ਸਭ ਗੱਲਾਂ ਦਾ ਖ਼ੁਦਾ ਨਾਲ ਕੀ ਵਾਸਤਾ ਹੈ? ਆਪਣੇ ਪਹਿਲੇ ਭਾਗ ਵਿਚ ''ਖ਼ੁਦਾ ਦੀ ਅਸੀਮਤਾ'' ਵਿਚ ਅਸੀਂ ਖ਼ੁਦਾ ਦੀ ਸਰਬ ਵਿਆਪਕਤਾ, ਸਰਬਗਿਆਨਤਾ ਅਤੇ ਸਰਬ ਸ਼ਕਤੀਮਾਨਤਾ 'ਤੇ ਚਰਚਾ ਕੀਤੀ ਸੀ। ਸਭ ਤੋਂ ਸ਼ਕਤੀਮਾਨ ਹੋਣ ਕਰਕੇ ਖ਼ੁਦਾ ਵਿਚ ਸਿਰਜਣ ਦੀ ਸ਼ਕਤੀ ਹੈ। ਸ਼ਕਤੀ ਕੰਮ ਨਾਲ ਵਿਖਾਈ ਜਾਂਦੀ ਹੈ। ਖ਼ੁਦਾ ਸਭ ਕੁਝ ਜਾਣਦਾ ਹੈ, ਇਸ ਲਈ ਉਹਦੀ ਰਚਨਾ ਉਹਦੇ ਡਿਜ਼ਾਈਨ ਮੁਤਾਬਕ ਹੀ ਹੈ। ਇਹ ਉਵੇਂ ਹੀ ਹੈ ਜਿਵੇਂ ਉਹ ਚਾਹੁੰਦਾ ਹੈ। ਹਰ ਥਾਂ ਹੋਣ ਕਰਕੇ ਖ਼ੁਦਾ ਅੰਤਰਯਾਮੀ ਹੈ। ਉਹਨੇ ਸੰਸਾਰ ਰਚ ਕੇ ਆਪਣੇ ਆਪ ਨੂੰ ਜ਼ਾਹਿਰ ਕਰ ਦਿੱਤਾ ਹੈ। ਇਸ ਲਈ ਰਚਨਾ ਵਿਚ ਸਾਨੂੰ ਖ਼ੁਦਾ ਦਾ ਸੁਭਾਅ ਹੀ ਨਜ਼ਰ ਆਉਂਦਾ ਹੈ। ਪਵਿੱਤਰ ਲਿਖਤ ਦਾ ਨਜ਼ਰੀਆ ਇਹੀ ਹੈ: ''ਆਦਿ ਵਿਚ ਪਰਮੇਸ਼ੁਰ ਨੇ ਅਕਾਸ਼ ਅਤੇ ਧਰਤੀ ਨੂੰ ਉਤਪੰਨ ਕੀਤਾ'' (ਉਤਪਤ 1:1)।[1] ਇਸੇ ਕਰਕੇ ਜ਼ਬੂਰ ਲਿਖਣ ਵਾਲਾ ਬੋਲਿਆ ਸੀ, ''ਹੇ ਯਹੋਵਾਹ, ਸਾਡੇ ਪ੍ਰਭੂ, ਸਾਰੀ ਧਰਤੀ ਉੱਤੇ ਤੇਰਾ ਨਾਮ ਕੇਡਾ ਹੀ ਸ਼ਾਨਦਾਰ ਹੈ'' (ਜ਼ਬੂਰ 8:1; ਆਇਤ 9 ਵੀ ਵੇਖੋ)। ਧਰਤੀ ਖ਼ੁਦਾ ਦੀ ਸਿਰਜਣਾ ਦਾ ਬਹੁਤ ਵੱਡਾ ਮੁਜ਼ਾਹਰਾ ਹੈ। ਕਿਉਂ? ਰਚਨਾ ਖ਼ੁਦ ਹੀ ਖ਼ੁਦਾ ਦੇ ਸਿਰਜਣਹਾਰ ਸੁਭਾਅ 'ਤੇ ਸ਼ਕਤੀ ਦੀ ਸਹੀ-ਸਹੀ ਵਿਵਸਥਾ ਦਾ ਪ੍ਰਗਟਾਵਾ ਹੈ। ਪਹਿਲੇ ਭਾਗ ਵਿਚ ਅਸੀਂ ਸੰਖੇਪ ਵਿਚ ਉਹਦੀ ਸਿਰਜਣਾ ਦਾ ਸੁਝਾਅ ਦਿੱਤਾ ਸੀ। ਇਸ ਭਾਗ ਵਿਚ ਅਸੀਂ ਖ਼ੁਦਾ ਦੀ ਰਚਨਾ ਵਿਚ ਧਰਤੀ ਅਤੇ ਮਨੁੱਖ ਦੀ ਮਹੱਤਤਾ ਅਤੇ ਭੂਮਿਕਾ ਤੇ ਜ਼ੋਰ ਦਿਆਂਗੇ।

## ਮਿੱਟੀ ਤੋਂ ਰਚਿਆ ਗਿਆ

ਸਾਨੂੰ ਦੱਸਿਆ ਗਿਆ ਹੈ ਕਿ ''ਯੋਹਵਾਹ ਪਰਮੇਸ਼ਰ ਨੇ ਆਦਮ ਨੂੰ ਜ਼ਮੀਨ ਦੀ ਮਿੱਟੀ ਤੋਂ ਰਚਿਆ ਅਤੇ ਉਹਦੀਆਂ ਨਾਸਾਂ ਜੀਵਨ ਦਾ ਸਾਹ ਫੂਕਿਆ ਸੋ ਆਦਮ ਜੀਉਂਦੀ ਜਾਨ ਹੋ ਗਿਆ'' (ਉਤਪਤ 2:7)। ਦੁਨਿਆਵੀ ਜੀਵ ਹੋਣ ਕਰਕੇ ਅਸੀਂ ਧਰਤੀ ਤੋਂ ਹਾਂ, ਧਰਤੀ ਤੇ ਰਹਿੰਦੇ ਹਾਂ ਅਤੇ ਧਰਤੀ ਵਿਚ ਮੁੜ ਜਾਂਦੇ ਹਾਂ (ਉਤਪਤ 1:29; 2:9, 16; 3:17-19)।[2] ਇਸ ਲਈ ਕਿਹਾ ਜਾ ਸਕਦਾ ਹੈ ਕਿ ਖ਼ੁਦਾ ਨੇ ਆਪਣੀ ਸਿਰਜਣਹਾਰ ਬੁੱਧ ਨਾਲ, ਆਪਣੇ ਭੌਤਿਕ ਇਨਸਾਨੀ ਜੀਵ ਨੂੰ ਆਪਣੀ ਭੌਤਿਕ ਰਚਨਾ ਅਰਥਾਤ ਧਰਤੀ ਨਾਲ ਜੋੜਿਆ ਹੈ। ਇਸ ਤਰ੍ਹਾਂ ਧਰਤੀ ਸਾਡੇ ਰਹਿਣ ਦੇ ਯੋਗ ਬਣ ਗਈ।

ਧਰਤੀ ਤੇ ਇਸ ਜੀਵਨ ਨੂੰ ਘੱਟੋ-ਘੱਟ ਚਾਰ-ਖਾਸ ਤਰੀਕਿਆਂ ਨਾਲ ਵਿਕਸਿਤ ਕੀਤਾ ਗਿਆ ਸੀ। ਪਹਿਲਾ, ਖ਼ੁਦਾ ਜਾਣਦਾ ਸੀ ਕਿ ਆਦਮੀ ਲਈ ਇਕੱਲਾ ਰਹਿਣਾ ਚੰਗਾ ਨਹੀਂ ਹੈ। ਉਸ ਨੇ ਉਹਦੇ ਲਈ ਉਹਦੇ ਵਰਗੀ ਇਕ ਮਦਦਗਾਰ ਬਣਾਈ। ਦੂਜਾ, ਪੁਰਖ ਅਤੇ ਇਸਤਰੀ ਵਿਚ ਇਕ ਗੂੜ੍ਹਾ ਸਬੰਧ ਕਾਇਮ ਕਰ ਦਿੱਤਾ। ਤੀਜਾ, ਖ਼ੁਦਾ ਨੇ ਜੀਵ ਧਾਰੀਆਂ ਤੇ ਉਨ੍ਹਾਂ ਨੂੰ ਸਰਦਾਰੀ ਦੇ ਕੇ ਉਨ੍ਹਾਂ ਦੇ ਜੀਵਨ ਨੂੰ ਕਾਮਯਾਬ ਬਣਾਇਆ। ਚੌਥਾ, ਸਭ ਤੋਂ ਵੱਧ ਅਹਿਮੀਅਤ ਖ਼ੁਦਾ ਨੇ ਉਸ ਨੂੰ ਆਪਣੇ ਨਾਲ ਰਹਿਣ ਦੀ ਇਜਾਜ਼ਤ ਦੇ ਕੇ ਦਿੱਤੀ।[3]

ਇਨਸਾਨ ਲਈ ਕਿੰਨੀ ਖੁਸ਼ਕਿਸਮਤੀ ਦੀ ਗੱਲ ਹੈ! ਕਿੰਨੀ ਵਧੀਆ ਗੱਲ ਹੈ! ਕਿੰਨਾ ਖ਼ੂਬਸੂਰਤ ਵਿਚਾਰ ਹੈ! ਇਹ ਕਿਵੇਂ ਹੋ ਗਿਆ? ਇਸ ਵਿਸ਼ੇ 'ਤੇ ਤੀਜੇ ਭਾਗ ''ਖ਼ੁਦਾ ਦਾ ਸਾਡੇ ਨਾਲ ਕੀ ਸਬੰਧ ਹੈ'' ਵਿਚ ਵਿਸਤਾਰ ਨਾਲ ਚਰਚਾ ਕੀਤੀ ਜਾਏਗੀ। ਪਰ, ਅਜੇ ਸਾਡੇ ਸਾਹਮਣੇ ਕਾਫ਼ੀ ਵੱਡੀ ਚੁਣੌਤੀ ਹੈ।

## ਉਸ ਦੇ ਸਰੂਪ 'ਤੇ ਬਣਾਇਆ ਗਿਆ

ਬਾਈਬਲ ਵਿਚ ਬੜੀ ਚੌਕਸੀ ਨਾਲ ਲਿਖਿਆ ਗਿਆ ਹੈ ਕਿ ''ਖ਼ੁਦਾ ਨੇ ਆਦਮ ਨੂੰ ਆਪਣੇ ਸਰੂਪ ਉੱਤੇ ਉਤਪਨ ਕੀਤਾ। ਖ਼ੁਦਾ ਦੇ ਸਰੂਪ 'ਤੇ ਉਹਨੂੰ ਉਤਪਨ ਕੀਤਾ। ਨਰ ਨਾਰੀ ਉਸ ਨੇ ਉਨ੍ਹਾਂ ਨੂੰ ਉਤਪਨ ਕੀਤਾ'' (ਉਤਪਤ 1: 27)। ''ਖ਼ੁਦਾ ਨੇ ਉਸ ਦੀਆਂ ਨਾਸਾਂ ਵਿਚ ਜੀਵਨ ਦਾ ਸਾਹ ਫੂਕਿਆ [*nishmath chayyim*] ਸੋ ਆਦਮ ਜਿਊਂਦੀ ਜਾਨ [*nephesh*] ਹੋ ਗਿਆ'' (ਉਤਪਤ 2:7)। *ਨੇਫ਼ੇਸ਼* ਇਕ ਇਬਰਾਨੀ ਸ਼ਬਦ ਹੈ ਜਿਸ ਵਿਚ ਕਾਫ਼ੀ ਥੋੜ੍ਹਾ ਫ਼ਰਕ ਹੈ। ਕਿਉਂਕਿ ਇੱਥੇ ਦਾ ਸੰਦਰਭ ਖ਼ੁਦਾ ਵੱਲੋਂ ਮਨੁੱਖ ਨੂੰ ਬਨਾਉਣਾ ਹੈ, ਇਸ ਲਈ ਇਹਦਾ ਅਰਥ ''ਜਾਨ, ਮੁਕੰਮਲ ਆਦਮੀ'' ਵਾਂਗ ਹੈ।[4]

ਇਸ ਕਰਕੇ ਸਾਨੂੰ ਪਤਾ ਹੈ ਕਿ ਅਸੀਂ ''ਧਰਤੀ ਦੇ'' ਹੀ ਨਹੀਂ ਹਾਂ। ਅਸੀਂ ਖ਼ੁਦਾ ਦੇ ਸਰੂਪ ਤੇ ਬਣਾਏ ਗਏ ''ਮੁਕੰਮਲ ਜੀਵ'' ਹਾਂ। ਖ਼ੁਦਾ ਦਾ ਸਾਰ ਆਤਮਾ ਹੈ, ਸੋ ਸਾਡਾ ਖ਼ੁਦਾ ਦੇ ਸਰੂਪ ਤੇ ਹੋਣਾ ਯਕੀਨਨ ਭੌਤਿਕ ਰੂਪ ਨਹੀਂ ਹੈ। ਸਾਡਾ ਖ਼ੁਦਾ ਦੇ ਸਰੂਪ 'ਤੇ ਹੋਣਾ ਸਰੀਰ 'ਤੇ ਨਹੀਂ ਬਲਕਿ ਆਤਮਾ ਤੇ ਅਧਾਰਿਤ ਹੈ। ਜਦ ਖ਼ੁਦਾ ਨੇ ਆਦਮ ਵਿਚ ਜ਼ਿੰਦਗੀ ਦਾ ਸਾਹ (*nishmath chayyim*) ਪਾਇਆ ਤਾਂ ਉਸ ਨੂੰ ਖ਼ੁਦਾ ਦਾ ਸਾਰ ਅਰਥਾਤ ਉਸਦਾ ਆਤਮਾ ਮਿਲ ਗਿਆ।

ਜੇ ਸਭ ਜੀਵ ਜੰਤੂ, ਪੰਛੀ ਆਦਿ ਵਿਚ ਵੀ ਉਹ ਹੈ ਜਿਸ ਨੂੰ ਉਤਪਤ 1:30 ਵਿਚ ''ਜੀਉਣ ਦਾ ਸਾਹ'' ਆਖਿਆ ਗਿਆ ਹੈ ਤਾਂ ਦੋਹਾਂ ਦੇ ਪਸਾਰ ਜਾਂ ਗੁਣ ਵਿਚ ਫ਼ਰਕ ਹੋ ਸਕਦਾ ਹੈ। ਬਾਈਬਲ ਕਹਿੰਦੀ ਹੈ, ''ਮਨੁੱਖ ਦੀ ਆਤਮਾ [*nishmath adam*] ਯਹੋਵਾਹ ਦਾ ਦੀਪਕ ਹੈ'' (ਕਹਾਉਤਾਂ 20:27)। ਇਨਸਾਨੀ ਜੀਵ ਗਿਆਨ ਹਾਸਲ ਕਰਨ, ਨਿਸ਼ਕਪਟਤਾ ਅਤੇ ਸਚੇਤ ਹੋਣ ਵਿਚ ਸਮਰੱਥ ਹੈ। ਆਦਮ ਅਤੇ ਹੱਵ੍ਹਾ, ਜ਼ਮੀਰ ਵਾਲੇ, ਸੂਝਵਾਨ ਲੋਕ ਆਪਣੇ ਆਪ ਅਤੇ ਆਪਣੇ ਆਲੇ-ਦੁਆਲੇ ਦੇ ਮਾਹੌਲ ਅਤੇ ਖ਼ੁਦਾ ਨੂੰ ਜਾਣਦੇ ਸਨ। ਭਾਵੇਂ ਉਨ੍ਹਾਂ ਨੂੰ ਧਰਤੀ ਦੀਆਂ ਚੀਜ਼ਾਂ ਤੋਂ ਬਣਾਇਆ ਗਿਆ ਸੀ,

ਪਰ ਉਨ੍ਹਾਂ ਨੂੰ ਭੌਤਿਕ ਵਜੂਦ ਤੋਂ ਵਧ ਕੇ ਖ਼ੁਦਾ ਵੱਲੋਂ ਦਿੱਤੇ ਗਏ ਆਤਮਾ ਦੇ ਵੱਡ ਮੁੱਲੇ ਦਾਨ ਨੂੰ ਬਹੁਤੀ ਅਹਿਮੀਅਤ ਦਿੱਤੀ ਗਈ ਸੀ।[5] ਇਸ ਨਾਲ ਉਨ੍ਹਾਂ ਲਈ ਖ਼ੁਦਾ ਨਾਲ ਸੁਖਾਵੇਂ ਸਬੰਧ ਬਣਾਉਣਾ ਸੰਭਵ ਹੋ ਗਿਆ।

ਸਿਰਜਣਹਾਰ ਅਤੇ ਮਨੁੱਖ ਵਿਚ ਇਹ ਸੰਗਤ ਸਚਮੁਚ ਬੜੀ ਸਕੂਨ ਦੇਣ ਵਾਲੀ ਸੀ। ਬਾਗ਼-ਏ-ਅਦਨ ਵਿਚ ਇਕ ਅਜਿਹੀ ਥਾਂ ਸੀ ਜੋ ਬਿਨਾ ਕਿਸੇ ਰੁਕਾਵਟ ਦੇ ਸਦਾ ਤਕ ਰਹਿਣ ਵਾਲੇ ਸੁਰਗ ਵਰਗੇ ਸੁੱਖ ਦੀ ਪੱਕੀ ਦੋਸਤੀ ਸੀ (ਉਤਪਤ 2:7, 8)। ਇਸ ਸਬੰਧ ਵਿਚ ਨਾ ਖ਼ਤਮ ਹੋਣ ਵਾਲੇ ਅਨੰਦ ਦੀ ਤਾਕਤ ਸੀ। ਅਸੀਂ ਅਬਦੀ ਅਨੰਦ ਲਈ ''ਸ਼ਕਤੀ'' ਦੀ ਵਰਤੋਂ ਕਰਦੇ ਹਾਂ ਕਿਉਂਕਿ ਬਾਈਬਲ ਸਕੂਲ ਵਿਚ ਸਿੱਖਿਆ ਪਾਉਣ ਵਾਲੇ ਹਰ ਵਿਦਿਆਰਥੀ ਨੂੰ ਪਤਾ ਹੈ ਕਿ ਇਸਦੇ ਬਾਅਦ ਕੁਝ ਮਾੜੀ ਘਟਨਾ ਵਾਪਰੀ। ਆਦਮ ਅਤੇ ਹੱਵ੍ਹਾ ਨੂੰ ਬਾਗ਼ 'ਚੋਂ ਬਾਹਰ ਕੱਢ ਦਿੱਤਾ ਗਿਆ। ਉਨ੍ਹਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ। ਉਨ੍ਹਾਂ ਨੂੰ ਮਜ਼ਦੂਰੀ ਅਤੇ ਤਕਲੀਫ਼ ਦਾ ਸਰਾਪ ਦਿੱਤਾ ਗਿਆ। ਹੁਣ ਉਹ ਖ਼ੁਦਾ ਦੀ ਮੌਜੂਦਗੀ ਦੇ ਜਲਾਲ ਨੂੰ ਨਹੀਂ ਮਾਣ ਸਕਦੇ ਸਨ। ਕਿਉਂ? ਬਾਗ਼ ਵਿਚ ''ਜ਼ਿੰਦਗੀ ਦਾ ਰੁੱਖ ... ਭਲਿਆਈ ਅਤੇ ਬੁਰਿਆਈ ਦੇ ਗਿਆਨ ਦਾ ਰੁੱਖ'' ਸੀ (ਉਤਪਤ 2:9)। ਖ਼ੁਦਾ ਨੇ ਆਖਿਆ ਸੀ, ''ਪਰ ਭਲੇ ਬੁਰੇ ਦੀ ਸਿਆਣ ਦੇ ਬਿਰਛ ਤੋਂ ਤੂੰ ਨਾ ਖਾਈਂ ਕਿਉਂ ਜੋ ਜਿਸ ਦਿਨ ਤੂੰ ਉਸ ਤੋਂ ਖਾਵੇਂ ਤੂੰ ਜ਼ਰੂਰ ਮਰੇਂਗਾ'' (ਉਤਪਤ 2:17)। ''ਖ਼ੁਦਾ ਨੇ ਬਾਗ਼ ਵਿਚ *ਉਹ* ਰੁੱਖ ਕਿਉਂ ਰੱਖਿਆ?'' ਸਿਰਫ਼ ਆਦਮੀ ਅਤੇ ਔਰਤ ਲਈ ''ਜ਼ਿੰਦਗੀ ਦਾ ਰੁੱਖ'' (ਉਤਪਤ 2:9) ਹੀ ਨਹੀਂ ਦਿੱਤਾ ਅਤੇ ਉਨ੍ਹਾਂ ਨਾਲ ਇਕ-ਦੂਜੇ ਨੂੰ ਸੰਤੁਸ਼ਟ ਕਰਨ ਵਾਲੀ ਸੰਗਤੀ ਕਿਉਂ ਨਹੀਂ ਰੱਖੀ?

ਇਹ ਸਵਾਲ ਉਲਝਣ ਵਾਲੇ ਲੱਗ ਸਕਦੇ ਹਨ। ਪਰ ਧਿਆਨ ਨਾਲ ਗੌਰ ਕਰਨ ਤੇ ਸਾਨੂੰ ਸੰਤੋਸ਼ਜਨਕ ਜਵਾਬ ਮਿਲ ਜਾਂਦੇ ਹਨ। ਅਸੀਂ ਸੰਸਾਰ ਤੇ ਇਸਦੇ ਅਜੂਬਿਆਂ ਨਾਲ ਧਿਆਨ ਕੀਤਾ ਹੈ। ਮਹੱਤਵਪੂਰਣ ਇਹ ਹੈ ਕਿ ਸਿਰਫ਼ ਇੱਕੋ ਹੀ ਜੀਵ ਲਈ ਇਹ ਆਖਿਆ ਗਿਆ ਕਿ ''ਪਰਮੇਸ਼ੁਰ ਨੇ ਆਦਮੀ ਨੂੰ ਆਪਣੇ ਸਰੂਪ ਤੇ ਬਣਾਇਆ।'' ਮਨੁੱਖਾਂ ਲਈ ਖ਼ੁਦਾ ਵੱਲੋਂ ਦਿੱਤਾ ਖ਼ੂਬਸੂਰਤ ਸੰਦਰਭ ਹੈ ਉਨ੍ਹਾਂ ਦਾ ਖ਼ੁਦਾ ਵਰਗੇ ਹੋਣਾ ਅਤੇ ਖ਼ੁਦਾ ਦਾ ਉਨ੍ਹਾਂ ਨਾਲ ਗੱਲਬਾਤ ਕਰਨ ਦੀ ਇੱਛਾ ਇਹ ਸੰਕੇਤ ਦਿੰਦੀ ਹੈ ਕਿ ਉਨ੍ਹਾਂ ਦੀ ਰਚਨਾ ਖ਼ੁਦਾ ਦੀ ਨਜ਼ਰ ਵਿਚ ਖ਼ਾਸ ਅਰਥ ਸੀ। ਇਹ ਉਹ ਜੀਵ ਹਨ ਜੋ ਸਿਰਜਣਹਾਰ ਨਾਲ ਆਤਮ-ਜਾਗ੍ਰਿਤ ਗੱਲਬਾਤ ਕਰਨ ਦੇ ਯੋਗ ਸਨ! ਖ਼ੁਦਾ ਨਾਲ ਬੇ-ਰੋਕ ਟੋਕ, ਸਿੱਧੀ ਸੰਗਤੀ ਦੀ ਕਲਪਨਾ ਕਰੋ!

## ਚੋਣ ਕਰਨ ਲਈ ਬਣਾਇਆ ਗਿਆ

ਇਸ ਸਬੰਧ ਦੇ ਮਜ਼ਬੂਤ ਅਤੇ ਕਾਇਮ ਰਹਿਣ ਲਈ ਇੱਕੋ ਹੀ ਤੱਤ ਜ਼ਰੂਰੀ ਸੀ। ਆਪਣੀ ਮਰਜ਼ੀ ਕਰਨ ਦੇ ਕਾਰਜ ਦੇ ਰੂਪ ਵਿਚ ਇਹ ਸਬੰਧ ਮਨੁੱਖ ਅਤੇ ਖ਼ੁਦਾ ਵੱਲੋਂ ਹੋਣਾ ਜ਼ਰੂਰੀ ਹੈ। ਇਹ ਆਪਣਾ ਫ਼ੈਸਲਾ ਹੋਣਾ ਜ਼ਰੂਰੀ ਹੈ। ਪੂਰੇ ਇਜ਼ਹਾਰ ਲਈ ਪੂਰੀ ਅਜ਼ਾਦੀ ਲਈ, ਕਬੂਲ ਕਰਨ ਜਾਂ ਰੱਦਣ ਦੀ ਯੋਗਤਾ ਅਤੇ ਮੌਕਾ ਹੋਣਾ ਜ਼ਰੂਰੀ ਹੈ। ਖ਼ੁਦਾ ਨੇ ਆਦਮ ਅਤੇ ਹੱਵ੍ਹਾ ਨੂੰ ਯੋਗਤਾ (ਬੁੱਧ) ਅਤੇ ਮੌਕਾ (ਰੁੱਖ) ਦਿੱਤਾ। ਖ਼ੁਦਾ ਨੇ ਆਪਣੀ ਇੱਛਾ ਨੂੰ ਮੰਨਣਾ ਜਾਂ ਨਾ ਮੰਨਣਾ ਚੁਣਨ ਦੀ ਉਨ੍ਹਾਂ ਨੂੰ ਪੂਰੀ ਖੁੱਲ੍ਹ ਦਿੱਤੀ। ਖ਼ੁਦਾ ਵੱਲੋਂ ਆਪਣੀ ਮਨੁੱਖੀ ਰਚਨਾ ਨੂੰ ਇਹ ਛੋਟ ਨਾ ਦੇਣ ਦੀ ਹਾਲਤ ਵਿਚ ਉਨ੍ਹਾਂ ਨੂੰ ਖੁੱਲ੍ਹ ਨਹੀਂ ਹੋ ਸਕਦੀ ਸੀ।

ਜਦ ਆਦਮ ਅਤੇ ਹਵ੍ਹਾ ਨੇ ਗ਼ਲਤ ਪਸੰਦ ਚੁਣੀ, ਤਾਂ ਖ਼ੁਦਾ ਦੀ ਰਚਨਾ ਪਾਪ, ਜੁਦਾਈ, ਸਰਾਪਾਂ, ਪੀੜਾਂ, ਕੰਡਿਆਂ, ਬਦਸੂਰਤੀ ਅਤੇ ਮੌਤ ਨਾਲ ਦੂਸ਼ਿਤ ਹੋ ਗਈ। ਭਲਾ ਖ਼ੁਦਾ ਦੀ ਸ਼ਾਨਦਾਰ ਕਾਰੀਗਰੀ ਨਾਕਾਮ ਹੋ ਗਈ? ਨਹੀਂ! ਖ਼ੁਦਾ ਦਾ ਕੰਮ ਜਾਰੀ ਰਹਿੰਦਾ ਹੈ। ਉਹਨੇ ਸੱਪ (ਸ਼ੈਤਾਨ) ਨੂੰ ਸਰਾਪ ਦਿੱਤਾ

ਜੋ ਉਨ੍ਹਾਂ ਨੂੰ ਉਕਸਾਇਆ ਸੀ ਅਤੇ ਡਿੱਗ ਗਈ ਮਨੁੱਖਤਾ ਨੂੰ ਆਉਣ ਵਾਲੇ ਇਕ ਜੇਤੂ ਦੇ ਰਾਹੀਂ ਬਹਾਲ ਕਰਨ ਦਾ ਵਾਅਦਾ ਦਿੱਤਾ:

> ਫਿਰ ਯਹੋਵਾਹ ਪਰਮੇਸ਼ੁਰ ਨੇ ਸੱਪ ਨੂੰ ਆਖਿਆ ਭਈ ਇਸ ਲਈ ਕਿ ਤੂੰ ਇਹ ਕੀਤਾ ਤੂੰ ਸਾਰੇ ਡੰਗਰਾਂ ਨਾਲੋਂ ਅਤੇ ਸਾਰੇ ਜੰਗਲੀ ਜਾਨਵਰਾਂ ਨਾਲੋਂ ਸਰਾਪੀ ਹੈਂ। ਤੂੰ ਆਪਣੇ ਢਿੱਡ ਭਾਰ ਤੁਰੇਂਗਾ ਅਤੇ ਆਪਣੇ ਜੀਵਣ ਦੇ ਸਾਰੇ ਦਿਨ ਤੂੰ ਮਿੱਟੀ ਖਾਇਆ ਕਰੇਂਗਾ। ਅਤੇ ਤੇਰੇ ਅਤੇ ਤੀਵੀਂ ਵਿਚ ਅਤੇ ਤੇਰੀ ਸੰਤਾਨ ਅਤੇ ਤੀਵੀਂ ਦੀ ਸੰਤਾਨ ਵਿਚ ਮੈਂ ਵੈਰ ਪਾਵਾਂਗਾ। ਉਹ ਤੇਰੇ ਸਿਰ ਨੂੰ ਫੇਵੇਂਗਾ ਅਤੇ ਤੂੰ ਉਹ ਦੀ ਅੱਡੀ ਨੂੰ ਡੰਗ ਮਾਰੇਂਗਾ (ਉਤਪਤ 3:14, 15)।

---

ਟਿੱਪਣੀਆਂ

[1]ਵਿਆਖਿਆ ਵਾਲੀਆਂ ਲਗਭਗ ਸਾਰੀਆਂ ਬਾਈਬਲਾਂ ਵਿਚ ਇਸ ਆਇਤ ਵਿਚ ਪਹਿਲੇ ਉਪਪਦ [the] ਦੀ ''ਮੁਸ਼ਕਿਲ'' ਤੇ ਧਿਆਨ ਦਿੱਤਾ ਗਿਆ ਹੈ; ਉਦਾਹਰਣ ਲਈ *ਆਕਸਫ਼ੋਰਡ ਐਨੋਟੇਟਡ ਬਾਈਬਲ*, RSV; *ਵੈਸਟਮਿੰਸਟਰ ਸਟੱਡੀ ਬਾਈਬਲ*, RSV; *ਹਾਰਪਰ ਸਟੱਡੀ ਬਾਈਬਲ,* NRSV। ਪੂਰੀ ਚਰਚਾ ਲਈ ਜਿਸ ਵਿਚ ਇਹ ਨਿਚੋੜ ਹੈ ਕਿ ਸਭ ਤੋਂ ਸਪੱਸ਼ਟ ਵਿਆਖਿਆ ''ਆਦਿ ਵਿਚ'' ਹੈ, *ਕਮੈਂਟਰੀ ਆਨ ਦ ਹੋਲੀ ਸਕ੍ਰਿਪਚਰਜ਼: ਕ੍ਰਿਟਿਕਲ ਡਾਕਟ੍ਰਿਨਲ ਐਂਡ ਹੋਮਿਲਿਟਿਕਲ,* ਅਨੁ. ਅਤੇ ਸੋਧ ਫ਼ਿਲਿਪਸ ਸ਼ੈਫ਼ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜੌਂਡਰਵਨ, ਮਿਤੀ ਰਹਿਤ), 162 ਵਿਚ ਵੇਖੋ ਜੌਨ ਪੀਟਰ ਲੇਂਜ, ''Genesis.'' [2]ਇਸ ਦਾ ਸੰਕੇਤ ਆਦਮੀ ਲਈ ਇਬਰਾਨੀ ਸ਼ਬਦ *adam* ਅਤੇ ਜ਼ਮੀਨ ਲਈ *damah* ਵਿਚ ਮਿਲਦਾ ਹੈ। ਤੁਲਨਾ ਫ੍ਰਾਂਸਿਸ ਬ੍ਰਾਊਨ, ਐੱਸ. ਆਰ. ਡ੍ਰਾਈਵਰ, ਅਤੇ ਚਾਰਲਸ ਏ. ਬ੍ਰਿਗਸ, *ਏ ਹਿਬਰੂ ਐਂਡ ਇੰਗਲਿਸ਼ ਲੈਕਸੀਕਨ ਆਫ਼ ਦ ਓਲਡ ਟੈਸਟਾਮੈਂਟ* (ਆਕਸਫ਼ੋਰਡ: ਕਲੇਅਰੰਡਨ, 1958), 9. [3]ਉਤਪਤ 1; 2 ਵਿਚ ਮਿਲਣ ਵਾਲੇ ਸੰਸਾਰ ਦੀ ਰਚਨਾ ਦੇ ਵੇਰਵੇ ਤੇ ਇਕ ਤੋਂ ਇਕ ਕਿਤਾਬਾਂ ਲਿਖੀਆਂ ਜਾ ਚੁੱਕੀਆਂ ਹਨ। ਦੋ ਵਸੀਲਿਆਂ ਵਾਲੀ ਸਿੱਖਿਆ ਸਮੇਤ, ਧਿਆਨ ਨਾਲ ਵਿਸ਼ਲੇਸ਼ਣ ਲਈ, ਵੇਖੋ ਜੌਨ ਟੀ. ਵਿਲਿਸ, *Genesis, ਦਿ ਲਿਵਿੰਗ ਵਰਡ ਕਮੈਂਟਰੀ* (ਆਸਟਿਨ, ਟੈਕਸਸ: ਸਵੀਟ, 1979), 78-115. ਉਤਪਤ 1-3 ਬਾਰੇ ਜੋ ਕੁਝ ਵੀ ਲਿਖਿਆ ਗਿਆ ਹੈ। ਉਸ ਤੋਂ ਇਹ ਸਪਸ਼ੱਟ ਹੈ ਕਿ ਕਈਆਂ ਦਾ ਮੰਨਣਾ ਹੈ ਕਿ ਇਹ ਅਧਿਆਇ ਬਹੁਤ ਘਟੀਆ ਦਰਜੇ ਦੀ ਮਿਥਹਾਸਕ ਕਹਾਣੀ ਹੈ। ਇਸ ਲਈ ''ਸਬੂਤ'' ਅਕਡੀਅਨ *Enuma Elish* ਵਰਗੀਆਂ ਸੰਸਾਰ ਦੇ ਵਰਣਨ ਦੀਆਂ ਹੋਰ ਕਹਾਣੀਆਂ ਨਾਲ ਇਹਦੀਆਂ ਸਮਾਨਤਾਵਾਂ ਵੱਲ ਧਿਆਨ ਦੁਆ ਕੇ ਕੀਤਾ ਜਾਂਦਾ ਹੈ, ਜੋ ਉਤਪਤ ਦੀ ਕਿਤਾਬ ਦੇ ਵੇਰਵੇ ਦੀ ਕਦਰ ਘਟਾਉਣ ਦੀ ਕੋਸ਼ਿਸ਼ ਕਰਦੇ ਹਨ। *ਐਂਸੀਏਂਟ ਨੀਅਰ ਈਸਟਰਨ ਟੈਕਸਟਸ ਰਿਲੇਟਿੰਗ ਟੂ ਦ ਓਲਡ ਟੈਸਟਾਮੈਂਟ,* ਅਨੁ. ਈ. ਏ. ਸਪੇਸਰ, ਜਿਲਦ 2 [ਪ੍ਰਿੰਸਟਨ, ਨਿਊ ਜਰਸੀ: ਪ੍ਰਿੰਸਟਨ ਯੂਨੀਵਰਸਿਟੀ, 1955], 60-62 ਵਿਚ ਜੇਮਸ ਬੀ. ਪ੍ਰਿਚਰਡ, ਸੰ. ''ਅਕਾਡੀਅਨ ਮਿਥਸ ਐਂਡ ਏਪਿਕਸ।'' ਬੱਚੇ ਆਪਣੀ ਜਮਾਤ ਦੇ ਬੋਰਡ ਤੇ ਕਈ ਵਾਰ ਖ਼ੁਦਾ ਨੂੰ ਆਦਮ ਅਤੇ ਹਵ੍ਵਾ ਨੂੰ ਲੰਮੀ ਸਾਰੀ ਲੀਮੋਸੀਨ ਵਿਚ ਅੱਗ ਨਾਲ ਅਦਨ ਵਿੱਚੋਂ ਬਾਹਰ ਵਿਖਾਉਣ ਦਾ ਰੇਖਾ ਚਿੱਤਰ ਬਣਾਉਂਦੇ ਹਨ। ਇਸ ਕਾਰਟੂਨ ਤੋਂ ਮਾਪਿਆਂ ਤੋਂ ਬੱਚਿਆਂ ਦੇ ਇਨ੍ਹਾਂ ਅਧਿਆਵਾਂ ਪ੍ਰਤੀ ਵਿਹਾਰ ਦੀ ਦੰਦਾਂ ਹੇਠ ਜੀਭ ਲੈਣ ਵਾਲੀ ਝਲਕ ਮਿਲਦੀ ਹੈ। ਪਵਿੱਤਰ ਲਿਖਤ ਦੇ ਇਸ ਮਜ਼ਾਕ ਦਾ ਇਕ ਕਾਰਣ ਸਾਡੇ ਯੁਗ ਦੀ ਵਿਗਿਆਨਕ ਸੋਚ ਵਿਚ ਮਿਲਦਾ ਹੈ। ਅਸੀਂ ਇਹ ਸੋਚਣਾ ਚਾਹੁੰਦੇ ਹਾਂ ਕਿ ਸੱਚਾਈ ਨੂੰ ਵਿਗਿਆਨਕ, ਸ਼ਾਬਦਿਕ ਅਤੇ ਯਥਾਰਥਕ ਹੋਣਾ ਜ਼ਰੂਰੀ ਹੈ, ਨਹੀਂ ਤਾਂ ਇਹ ਸੱਚਾਈ ਨਹੀਂ ਹੈ। ਸਭ ਵਿਦਵਾਨਾਂ ਦੇ ਨਾਲ-ਨਾਲ ਰੋਜ਼ ਬਾਈਬਲ ਪੜ੍ਹਨ ਵਾਲਿਆਂ ਲਈ ਇਹ ਯਾਦ ਰੱਖਣਾ ਫ਼ਾਇਦੇਮੰਦ ਹੋਵੇਗਾ ਕਿ ਜੇ ਖ਼ੁਦਾ ਸਾਨੂੰ ਆਪਣੇ, ਸੰਸਾਰ ਅਤੇ ਸਾਡੇ ਨਾਲ ਆਪਣੇ ਸਬੰਧ ਬਾਰੇ ਵਿਗਿਆਨਕ, ਸ਼ਾਬਦਿਕ ਅਤੇ ਯਥਾਰਥਕ ਭਾਸ਼ਾ ਵਿਚ ਦੱਸ ਦਿੰਦਾ ਤਾਂ ਸਾਨੂੰ ਇਹਦੀ ਬਹੁਤ ਘੱਟ ਸਮਝ ਆਉਣੀ ਸੀ। ਗੰਭੀਰ ਸੱਚਾਈਆਂ ਅਕਸਰ ਅਸਾਨ ਜਿਹੇ ਸ਼ਬਦਾਂ ਵਿਚ ਦੱਸੀਆਂ ਜਾਂਦੀਆਂ ਹਨ। ਦਿਮਾਗਾਂ ਨੂੰ ਚਕਰਾਉਣ ਵਾਲੀਆਂ ਗੱਲਾਂ ਸੰਸਾਰ ਦੀ ਰਚਨਾ ਅਤੇ ਮਨੁੱਖ ਦੇ ਪਾਪ ਵਿਚ ਡਿੱਗਣ ਦੇ ਉਤਪਤ ਦੀ ਕਿਤਾਬ ਦੇ ਬ੍ਰਿਤਾਂਤ ਵਿਚ ਹੀ ਰੌਸ਼ਨੀ 'ਚ ਆਉਂਦੇ ਹਨ। ਆਪਣੀ ਰੌਸ਼ਨੀ ਅਤੇ ਬੇਹਤਰੀ ਵਾਸਤੇ ਸਾਨੂੰ ਚਾਹੀਦਾ ਹੈ ਕਿ ਉਨ੍ਹਾਂ ਤੱਥਾਂ ਨੂੰ ਮੰਨ ਕੇ ਅੱਗੇ ਵਧੀਏ। [4]ਵਿਆਪਕ ਵਿਸ਼ਲੇਸ਼ਣ ਲਈ, ਵੇਖੋ ਬ੍ਰਾਊਨ, ਡ੍ਰਾਈਵਰ ਐਂਡ ਬ੍ਰਿਗਸ, *ਏ ਹਿਬਰੂ ਐਂਡ ਇੰਗਲਿਸ਼ ਲੈਕਸੀਕਨ,* 659-61. [5](mhsn ਤੋਂ) *Hmhsn, ਸਾਹ,* ਆਤਮਾ, ਆਤਮਾ ਦਾ ਸਾਹ, ਮਨੁੱਖ ਦਾ ਸਾਹ, ਆਤਮਾ ਦੀ ਜ਼ਿੰਦਗੀ, *hur* ਨਾਲੋਂ ਵੱਧ ਖ਼ਾਸ, *shon* ਨਾਲੋਂ ਵੱਧ ਵਿਸ਼ਵਵਿਆਪੀ ਹੈ, ਪਰ ਦੋਹਾਂ ਦੇ ਵਿਚਕਾਰ ਖੜੀ ਕਿਸੇ ਚੀਜ਼ ਵਾਂਗ, ਅਦਲਾ-ਬਦਲੀ ਕੀਤੀ ਜਾ ਸਕਦੀ ਹੈ; ਪਰ

ਸਿਰਫ਼ ਮਨੁੱਖ ਨਾਲ ਸਬੰਧ ਵਿਚ। ਇੱਥੇ ਸਪੱਸ਼ਟ ਤੌਰ ਤੇ ਇਹਦਾ ਸੰਕੇਤ ਖ਼ੁਦਾ ਅਤੇ ਮਨੁੱਖ ਦੋਹਾਂ ਵਿਚ ਪਾਈ ਜਾਣ ਵਾਲੀ ਕਿਸੇ ਸਾਂਝੀ ਗੱਲ, ਜੋ ਖ਼ੁਦਾ ਵੱਲੋਂ ਨਿੱਕਲਦੀ ਅਤੇ ਮਨੁੱਖ ਵਿਚ ਆਉਂਦੀ ਹੈ, ਜਿਵੇਂ 'ਜ਼ਿੰਦਗੀ ਦਾ ਸਾਹ' ਭਾਵ ਆਪਣੇ ਆਪ ਕਾਰਜਕਾਰੀ ਹੋਣ ਵਾਲਾ ਖ਼ੁਦਾ ਦਾ ਆਤਮਾ ਮਨੁੱਖ ਵਿਚ ਰੂਹਾਨੀ ਨਿਯਮ ਦੀ ਪੁਕਾਰ ਕਰਦਾ ਉਹਦੀ ਜ਼ਿੰਦਗੀ ਦੀ ਰੂਹ, ਪਰ ਆਤਮਾ ਦੇ ਆਪਣੇ ਅਸਲ ਸ਼ਖ਼ਸ਼ੀਅਤ ਤੋਂ ਘੱਟ ਨਹੀਂ'' (ਲੇਂਜ, ''Genesis,'' 204)।

## ਸਿਰਜਣਹਾਰ ਜਾਂ ਸੰਯੋਗ

ਨਿਊ ਯਾਰਕ ਸਟੇਟ ਅਕੈਡਮੀ ਆਫ਼ ਸਾਇੰਸ ਦੇ ਸਾਬਕਾ ਪ੍ਰਧਾਨ, ਡਾਕਟਰ ਏ. ਕ੍ਰੇਸੀ ਮੌਰਿਸਨ ਨੇ ਕਿਹਾ ਹੈ:

> ਇਕ ਸਬੂਤ ਹੈ ਜੋ ਜ਼ੋਰਦਾਰ ਢੰਗ ਨਾਲ ਸੰਕੇਤਕ ਮਾਰਗ ਦਰਸ਼ਕ ਵਾਂਗ ਹਰ ਮਕਸਦ ਦੇ ਪਿੱਛੇ ਹੈ। ... ਅਸਾਂ ਪਾਇਆ ਹੈ ਕਿ ਸੰਸਾਰ ਆਪਣੀ ਥਾਂ ਤੇ ਹੈ, ਧਰਤੀ ਦੀ ਉਤਲੀ ਸਤ੍ਹਾ ਦਸ ਫੁੱਟ ਦੇ ਅੰਦਰ ਹੈ, ਅਤੇ ਜੇ ਸਮੁੰਦਰ ਕੁਝ ਫੁੱਟ ਹੋਰ ਡੂੰਘੇ ਹੁੰਦੇ ਤਾਂ ਸਾਨੂੰ ਕੋਈ ਆਕਸੀਜਨ ਜਾਂ ਵਨਸਪਤੀ ਨਾ ਮਿਲਦੀ। ਅਸੀਂ ਪਾਇਆ ਹੈ ਕਿ ਧਰਤੀ ਚੌਵ੍ਹੀ ਘੰਟੇ ਘੁੰਮਦੀ ਹੈ ਅਤੇ ਜੇ ਇਸ ਪ੍ਰਕਰਮਾ ਵਿਚ ਕੁਝ ਰੁਕਾਵਟ ਪੈ ਜਾਵੇ, ਤਾਂ ਜੀਵਨ ਅਸੰਭਵ ਹੋ ਜਾਵੇਗਾ। ਜੇ ਸੂਰਜ ਦੇ ਆਲੇ-ਦੁਆਲੇ ਧਰਤੀ ਦੀ ਚਾਲ ਤੇਜ਼ ਜਾਂ ਘੱਟ ਹੋ ਜਾਵੇ ਤਾਂ ਜੀਵਨ ਦਾ ਇਤਿਹਾਸ, ਜੋ ਵੀ ਹੋਵੇ, ਉਹ ਬਿਲਕੁਲ ਹੀ ਉਲਟ ਹੋਵੇਗਾ। ਸਾਨੂੰ ਪਤਾ ਲਗਦਾ ਹੈ ਕਿ ਸੂਰਜ ਉਨ੍ਹਾਂ ਹਜ਼ਾਰਾਂ ਕਾਰਣਾਂ ਵਿੱਚੋਂ ਇਕ ਹੈ ਜਿਨ੍ਹਾਂ ਨਾਲ ਧਰਤੀ ਤੇ ਸਾਡਾ ਜੀਵਨ ਸੰਭਵ ਹੁੰਦਾ ਹੈ। ਇਸ ਦਾ ਅਕਾਰ, ਘਣਤਾ, ਤਾਪਮਾਨ ਅਤੇ ਇਸ ਦੀਆਂ ਕਿਰਣਾਂ ਦੀ ਖ਼ਾਸੀਅਤ, ਸਭ ਸਹੀ ਮਾਤਰਾ ਵਿਚ ਹੋਣੇ ਜ਼ਰੂਰੀ ਹਨ, ਅਤੇ ਸਹੀ ਹਨ ਵੀ। ਅਸੀਂ ਵੇਖਦੇ ਹਾਂ ਕਿ ਚੌਗਿਰਦੇ ਦੀਆਂ ਗੈਸਾਂ ਇਕ ਦੂਜੇ ਵਿਚ ਸਮਾਈਆਂ ਹੋਈਆਂ ਹਨ ਅਤੇ ਮਮੂਲੀ ਜਿਹਾ ਬਦਲਾਅ ਵੀ ਬੜਾ ਖ਼ਤਰਨਾਕ ਹੋ ਸਕਦਾ ਹੈ। ...
>
> ਧਰਤੀ ਦੇ ਭਾਰ, ਖਲਾਅ ਵਿਚ ਇਸ ਦੀ ਥਾਂ ਅਤੇ ਤਰਤੀਬ ਦੀ ਬਾਰੀਕੀ ਤੇ ਵਿਚਾਰ ਕਰੋ, ਅਤੇ ਤਰਤੀਬਾਂ ਦੇ ਹੋਣ ਦਾ ਕ੍ਰਮ ਦਸ ਲੱਖ ਵਿੱਚੋਂ ਇਕ ਹੈ ਅਤੇ ਇਨ੍ਹਾਂ ਸਭ ਘਟਨਾਵਾਂ ਦੇ ਘਟਣ ਦੇ ਮੌਕੇ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ... ਇਸ ਲਈ ਇਨ੍ਹਾਂ ਤੱਥਾਂ ਦਾ ਹੋਣਾ ਸੰਯੋਗ ਦੇ ਕਿਸੇ ਵੀ ਨਿਅਮ ਨਾਲ ਮੇਲ ਨਹੀਂ ਖਾਂਦਾ ... ਬੇਸ਼ੱਕ ਕੁਦਰਤ ਦੇ ਅਜੂਬਿਆਂ ਦੀ ਇਸ ਸਮੀਖਿਆ ਨਾਲ ਪਤਾ ਲਗਦਾ ਹੈ ਕਿ ਇਸ ਵਿਚ ਡਿਜ਼ਾਈਨ ਅਤੇ ਮਕਸਦ ਹਨ। ਉਸ ਸਰਬਉੱਚ ਜੀਵ ਵੱਲੋਂ ਜਿਸ ਨੂੰ ਪਰਮੇਸ਼ੁਰ ਆਖਦੇ ਹਾਂ, ਇਸ ਦੇ ਅਸੀਮ ਵਿਸਤਾਰ ਵਿਚ ਇਕ ਪ੍ਰੋਗਰਾਮ ਚੱਲ ਰਿਹਾ ਹੈ।[1]

---

ਟਿੱਪਣੀ

[1]ਏ. ਕ੍ਰੇਸੀ ਮੌਰਿਸਨ, *ਮੈਨ ਡਜ਼ ਨਾਟ ਸਟੈਂਡ ਅਲੋਨ* (ਨਿਊ ਯਾਰਕ: ਫ਼ਲੈਮਿੰਗ ਐਚ. ਰੇਵਲ ਕੰ., 1944), 94, 95; ਬੈਟਸੈਲ ਬੈਰਟ ਬੈਕਸਟਰ, *ਆਈ ਬਿਲੀਵ ਬਿਕਾਜ਼* ... (ਗ੍ਰੈਂਡ ਰੈਪਿਡਜ਼, ਮਿਸ਼ਿਗਨ: ਬੇਕਰ ਬੁੱਕ ਹਾਊਸ, 1971), 66 ਵਿਚ ਦੁਹਰਾਇਆ ਗਿਆ।